# ਮੱਧ ਏਸ਼ੀਆਈ ਦੇਸ਼ਾਂ ਦੇ ਦੂਜੇ ਯੁਵਾ ਵਫ਼ਦ ਦਾ ਭਾਰਤ ਨੂੰ ਦੌਰਾ

ਮਾਰਚ 07, 2024

ਪੰਜ ਮੱਧ ਏਸ਼ੀਆਈ ਦੇਸ਼ਾਂ ਦਾ 100 ਮੈਂਬਰੀ ਯੁਵਾ ਵਫ਼ਦ 05-13 ਮਾਰਚ, 2024 ਤੱਕ ਭਾਰਤ ਦਾ ਦੌਰਾ ਕਰ ਰਿਹਾ ਹੈ।

ਮੱਧ ਏਸ਼ੀਆਈ ਦੇਸ਼ਾਂ ਤੋਂ ਭਾਰਤ ਨੂੰ, ਯੁਵਾ ਵਫ਼ਦ ਦਾ ਇਹ ਇਸ ਤਰ੍ਹਾਂ ਦਾ ਦੂਜਾ ਦੌਰਾ ਹੈ। ਅਜਿਹੇ ਪਹਿਲੇ ਵਫ਼ਦ ਦੀ ਮੇਜ਼ਬਾਨੀ ਭਾਰਤ ਦੁਆਰਾ ਨਵੰਬਰ, 2022 ਵਿੱਚ ਕੀਤੀ ਗਈ ਸੀ। ਇਹ ਅਸਲ ਵਿੱਚ ਜਨਵਰੀ, 2022 ਵਿੱਚ ਆਯੋਜਿਤ ਕੀਤੇ ਗਏ ਪਹਿਲੇ ਭਾਰਤ-ਮੱਧ ਏਸ਼ੀਆ ਸਿਖਰ ਸੰਮੇਲਨ ਤੋਂ ਨਿਕਲੀਆਂ ਪਹਿਲਕਦਮੀਆਂ ਵਿੱਚੋਂ ਇੱਕ ਹੈ।

ਮੱਧ ਏਸ਼ੀਆ ਤੋਂ ਜੀਵਨ ਦੇ ਵੱਖ-ਵੱਖ ਖੇਤਰਾਂ ਦੇ ਕਾਬਿਲ ਯੁਵਾ ਨੇਤਾਵਾਂ, ਅਤੇ ਪ੍ਰਭਾਵਕਾਂ ਨੂੰ ਭਾਰਤ ਦੇ ਵਿਕਾਸ, ਇਸਦੀ ਤਕਨੀਕੀ, ਉਦਯੋਗਿਕ ਅਤੇ ਖੋਜ ਸਮਰੱਥਾਵਾਂ ਨੂੰ ਉਨ੍ਹਾਂ ਦੁਆਰਾ ਖੁਦ ਦੇਖਣ ਦਾ ਮੌਕਾ ਮਿਲੇਗਾ; ਇਸ ਤੋਂ ਇਲਾਵਾ ਉਹ ਭਾਰਤ ਦੇ ਸਪੇਸ ਪ੍ਰੋਗਰਾਮ ਬਾਰੇ ਜਾਣਕਾਰੀ ਪ੍ਰਾਪਤ ਕਰਨਗੇ, ਨਾਲ ਹੀ ਭਾਰਤ ਦੀ ਸਮਰਿਧ ਸੱਭਿਆਚਾਰਕ ਵਿਰਾਸਤ ਦਾ ਆਨੰਦ ਮਾਨਣ ਦਾ ਮੌਕਾ ਪ੍ਰਾਪਤ ਕਰਨਗੇ। ਉਨ੍ਹਾਂ ਦੇ ਇਸ ਪ੍ਰੋਗਰਾਮ ਵਿੱਚ ਪ੍ਰਮੁੱਖ ਖੋਜ ਸੰਸਥਾਵਾਂ, ਦਿੱਲੀ ਅਤੇ ਅਹਿਮਦਾਬਾਦ ਵਿੱਚ ਸਥਿਤ ਉੱਘੇ ਵਿਦਿਅਕ ਸੰਸਥਾਵਾਂ ਜਿਵੇਂ ਕਿ ਆਈ.ਆਈ.ਟੀ. ਅਤੇ ਆਈ.ਆਈ.ਐਮ., ਦਿੱਲੀ ਵਿੱਚ ਇਤਿਹਾਸਕ ਸਥਾਨਾਂ, ਮਾਈ ਭਾਰਤ ਵਾਲੰਟੀਅਰਾਂ ਨਾਲ ਗੱਲਬਾਤ, ਭਾਰਤੀ ਪਤਵੰਤਿਆਂ ਨਾਲ ਮੁਲਾਕਾਤ ਅਤੇ ਤਾਜ ਮਹਿਲ ਦਾ ਦੌਰਾ ਸ਼ਾਮਲ ਹੈ।

ਇਤਿਹਾਸਕ ਤੌਰ 'ਤੇ, ਭਾਰਤ ਅਤੇ ਮੱਧ ਏਸ਼ੀਆ ਨੇ ਲਗਾਤਾਰ ਲੋਕਾਂ, ਸੱਭਿਆਚਾਰ ਅਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਆਨੰਦ ਮਾਣਿਆ ਹੈ। ਇਹ ਦੌਰਾ ਮੱਧ ਏਸ਼ੀਆਈ ਦੇਸ਼ਾਂ ਦੇ ਨੌਜਵਾਨਾਂ ਵਿੱਚ ਭਾਰਤ ਦੀ ਛਵੀ ਦਾ ਵਿਸਤਾਰ ਕਰੇਗਾ ਅਤੇ ਉਨ੍ਹਾਂ ਨੂੰ ਭਾਰਤੀ ਸਮਾਜ, ਵਿਕਾਸ, ਬੁਨਿਆਦੀ ਢਾਂਚੇ, ਘਟੀ ਗਰੀਬੀ ਅਤੇ ਹਾਲ ਹੀ ਦੇ ਸਾਲਾਂ ਵਿੱਚ ਭਾਰਤ ਵਿੱਚ ਆਈਆਂ ਤਬਦੀਲੀਆਂ ਨੂੰ ਸਮਝਣ ਦਾ ਮੌਕਾ ਦਵੇਗਾ। ਇਸ ਦੌਰੇ ਤੋਂ ਬਾਅਦ ਮੱਧ ਏਸ਼ੀਆਈ ਡੈਲੀਗੇਟ, ਜਿਹੜੀ ਛਵੀ ਨੌਜਵਾਨ ਆਪਣੇ ਨਾਲ ਵਾਪਿਸ ਲੈ ਜਾਣਗੇ, ਉਨ੍ਹਾਂ ਨੂੰ ਸਮਕਾਲੀ ਭਾਰਤ ਦੀ ਬਿਹਤਰ ਸਮਝ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ, ਅਤੇ ਨਾਲ ਹੀ ਭਾਰਤ ਅਤੇ ਮੱਧ ਏਸ਼ੀਆਈ ਮੁਲਕਾਂ ਦਰਮਿਆਨ ਲੋਕਾਂ ਦਰ ਲੋਕਾਂ ਦੇ ਆਪਸੀ ਤਾਲਮੇਲ ਲਈ ਇੱਕ ਆਧਾਰ ਤਿਆਰ ਕਰੇਗਾ।

**ਨਵੀਂ ਦਿੱਲੀ**

**ਮਾਰਚ 07, 2024**